## ਮਾਤਾ ਜੀ ਨੂੰ ਸਲਾਨਾ ਸਮਾਰੋਹ ਦੀ ਜਾਣਕਾਰੀ ਦੇਣ ਲਈ ਪੱਤਰ ਲਿਖੋ।



ਪ੍ਰੀਖਿਆ ਭਵਨ,

ਸਰਕਾਰੀ ......... ਸਕੂਲ,

..................।

...... ਜੁਲਾਈ, 20 ....

ਸਤਿਕਾਰਯੋਗ ਮਾਤਾ ਜੀ,

ਸਤਿ ਸ਼੍ਰੀ ਅਕਾਲ।

ਪਿਛਲੇ ਦਿਨੀ ਸਾਡੇ ਸਕੂਲ ਵਿਚ ਸਲਾਨਾ ਇਨਾਮ-ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਉਸ ਦਿਨ ਸਾਰਾ ਸਕੂਲ ਸਜਿਆ ਹੋਇਆ ਸੀ। ਇਸ ਸਮਾਰੋਹ ਦੀ ਪ੍ਰਧਾਨਗੀ ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਨੇ ਕੀਤੀ। ਉਹ 11 ਵਜੇ ਸਕੂਲ ਪਹੁੰਚ ਗਏ। ਸਕੂਲ ਬੈਂਡ ਨੇ ਉਹਨਾਂ ਦੇ ਸਨਮਾਨ ਵਿਚ ਸਵਾਗਤੀ ਧੁਨ ਵਜਾਈ।



ਉਹਨਾਂ ਡੀ.ਈ.ਓ. ਸਾਹਿਬ ਅਤੇ ਮੁੱਖ ਅਧਿਆਪਕ ਜੀ ਨਾਲ਼ ਸਾਡੇ ਸਕੂਲ ਦਾ ਮੁਆਇਨਾ ਕੀਤਾ। ਇਸ ਤੋਂ ਬਾਅਦ ਸਾਡੇ ਮੁੱਖ ਅਧਿਆਪਕ ਜੀ ਨੇ ਸਮਾਰੋਹ ਵਿਚ ਸਕੂਲ ਦੀਆਂ ਪ੍ਰਾਪਤੀਆਂ ਦੀ ਰਿਪੋਰਟ ਪੜ੍ਹੀ। ਮੁੱਖ ਮਹਿਮਾਨ ਅਤੇ ਆਏ ਹੋਰ ਮਹਿਮਾਨਾ ਨੇ ਸਾਡੇ ਸਕੂਲ ਦੀ ਬਹੁਤ ਪ੍ਰਸੰਸਾ ਕੀਤੀ। ਇਸ ਤੋਂ ਬਾਅਦ ਵੱਖ-ਵੱਖ ਖੇਤਰ ਵਿਚ ਪ੍ਰਾਪਤੀਆਂ ਕਰਨ ਵਾਲ਼ੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ।

ਅੰਤ ਵਿਚ ਸਕੂਲ ਸਟਾਫ਼ ਵਲੋਂ ਆਏ ਮਹਿਮਾਨਾ ਦਾ ਧੰਨਵਾਦ ਕੀਤਾ ਗਿਆ। ਸਲਾਨਾ ਸਮਾਰੋਹ ਦਾ ਇਹ ਦਿਨ ਮੇਰੇ ਲਈ ਉਤਸ਼ਾਹ ਭਰਿਆ ਸੀ।

ਧੰਨਵਾਦ ਸਹਿਤ।

ਆਪ ਦਾ ਪਿਆਰਾ ਪੁੱਤਰ

.....................।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**